# ਦਫਤਰ ਨਗਰ ਕੌਂਸਲ, ਬਰੇਟਾ (ਮਾਨਸਾ)

ਪੱਤਰ ਨੰ:ਨਕਬ: 1108 ਮਿਤੀ 11-7-16

ਸੇਵਾ ਵਿਖੇ,

ਚੀਫ ਇੰਜਨੀਅਰ,
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਚੰਡੀਗੜ੍ਹ ।

5419
28/7/16

ਵਿਸ਼ਾ: ਨਗਰ ਕੌਂਸਲ,ਬਰੇਟਾ ਵਿਖੇ ਵਾਟਰ ਸਪਲਾਈ ਅਤੇ ਸੀਵਰੇਜ ਨਾਲ ਸਬੰਧਤ ਕੰਮ ਕਰਵਾਉਣ ਬਾਰੇ ।

***

ਉਕਤ ਵਿਸ਼ੇ ਸਬੰਧੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਵਿਭਾਗ ਵੱਲੋਂ ਨਗਰ ਕੌਂਸਲ,ਬਰੇਟਾ ਵਿਖੇ ਸ਼ਹਿਰ ਦੇ ਕਾਫੀ ਹਿਸਿਆਂ ਜਿੰਨਾਂ ਵਿਚ ਅਜੇ ਤੱਕ ਵਾਟਰ ਸਪਲਾਈ ਅਤੇ ਸੀਵਰੇਜ ਦੀਆਂ ਪਾਈਪਾਂ ਪਾਉਣੀਆਂ ਬਾਕੀ ਹਨ ਦਾ ਕੰਮ ਅਤੇ ਇਸਤੋਂ ਇਲਾਵਾ ਪੁਰਾਣੀ ਟੈਂਕੀ ਨੂੰ ਗਿਰਾਕੇ ਨਵੀਂ ਟੈਂਕੀ ਤਾਮੀਰ ਕਰਨ ਦਾ ਕੰਮ ਅਜੇ ਤੱਕ ਸ਼ੁਰੂ ਨਹੀਂ ਕੀਤਾ ਗਿਆ ਜਦੋਂ ਕਿ ਬਰੇਟਾ ਦੇ ਨਾਲ ਲਗਦੇ ਕਈ ਸ਼ਹਿਰਾਂ ਵਿਚ ਇਹ ਕੰਮ ਸ਼ੁਰੂ ਵੀ ਹੋ ਚੁੱਕੇ ਹਨ ।

ਸ਼ਹਿਰ ਵਿਚ ਵਾਟਰ ਸਪਲਾਈ ਅਤੇ ਸੀਵਰੇਜ ਦੀਆਂ ਪਾਈਪਾਂ ਨਾਂ ਪਾਉਣ ਕਰਕੇ ਅਤੇ ਨਵੀਂ ਟੈਂਕੀ ਦੀ ਤਾਮੀਰ ਨਾਂ ਹੋਣ ਕਰਕੇ ਸ਼ਹਿਰੀਆਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾਂ ਕਰਨਾਂ ਪੈ ਰਿਹਾ ਹੈ ।ਕਿਉਂਕਿ ਪੁਰਾਣੀ ਟੈਂਕੀ ਨਕਾਰਾ ਹੋਣ ਕਰਕੇ ਇਸਦੀ ਵਰਤੋ ਨਹੀਂ ਹੋ ਰਹੀ ਜਿਸ ਕਰਕੇ ਸ਼ਹਿਰ ਦੇ ਕਾਫੀ ਹਿਸਿਆਂ ਵਿਚ ਡਾਇਰੈਕਟ ਸਪਲਾਈ ਹੋਣ ਕਾਰਨ ਪੀਣ ਵਾਲਾ ਪਾਣੀ ਨਹੀਂ ਪਹੁੰਚ ਰਿਹਾ।

ਕ੍ਰਿਪਾ ਕਰਕੇ ਉਕਤ ਕੰਮ ਸ਼ੁਰੂ ਕਰਵਾਏ ਜਾਣ ਜੀ ਤਾਂ ਸ਼ਹਿਰੀਆਂ ਨੂੰ ਬਿਹਤਰ ਸਹੂਲਤ ਮਿਲਣ ਦੀ ਆਸ ਬੱਝ ਸਕੇ ।

ਧੰਨਵਾਦ ਸਹਿਤ ।

(ਵਿਕਾਸ਼ ਗੋਇਲ)
ਪ੍ਰਧਾਨ,
ਨਗਰ ਕੌਂਸਲ,ਬਰੇਟਾ ।

ਪਿਠ ਅੰਕਣ ਨੰ:.................. ਮਿਤੀ...............

ਉਤਾਰਾ:

1.ਨਿਗਰਾਨ ਇੰਜਨੀਅਰ,ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,ਬਠਿੰਡਾ ।
2.ਕਾਰਜਕਾਰੀ ਇੰਜਨੀਅਰ,ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,ਮੰਡਲ,ਮਾਨਸਾ ।
3.ਉਪ ਮੰਡਲ ਇੰਜਨੀਅਰ,ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,ਉਪ ਮੰਡਲ,ਮਾਨਸਾ ਜੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਪ੍ਰਧਾਨ,
ਨਗਰ ਕੌਂਸਲ,ਬਰੇਟਾ ।

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2016/ਵ/ 18938-39 ਮਿਤੀ: 09/08/2016.

ਉਪਰੋਕਤ ਦੀ ਨਕਲ ਹੇਠ ਲਿਖਿਆ ਨੂੰ :-

1. ਮੁੱਖ ਇੰਜੀਨੀਅਰ(ਦੱਖਣ) ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਬਠਿੰਡਾ
2. ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ, ਬਠਿੰਡਾ

ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਰਿਪੋਰਟ ਪ੍ਰਾਰਥੀ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਜੀ ।

ਕਾਰਜਕਾਰੀ ਇੰਜੀਨੀਅਰ (ਕੰਮ)